



1-855-626-0002
https://settlement.org/o2o



# Orientation to Ontario

## ਨੌਜਵਾਨ

ਓਂਟਾਰੀਓ ਵਿੱਚ ਬੱਚਿਆਂ, ਗਭਰੇਟਾਂ ਅਤੇ ਨੌਜਵਾਨ  ਬਾਲਗ਼ਾਂ ਲਈ ਕਈ ਵਿਸ਼ੇਸ਼ ਸੇਵਾਵਾਂ ਹਨ। ਕਈ ਜੱਥੇਬੰਦੀਆਂ ਅਤੇ ਸਰਕਾਰੀ ਏਜੰਸੀਆਂ ਪੜ੍ਹਾਈ, ਰੋਜ਼ਗਾਰ, ਵਾੱਲੰਟੀਅਰਿੰਗ, ਸਿਹਤ ਅਤੇ ਸਮਾਜਕ ਮੁੱਦਿਆਂ ਵਿੱਚ ਮਦਦ ਮੁਹੱਈਆ ਕਰਦੀਆਂ ਹਨ।

- NewYouth.ca ਨਵੇਂ ਆਉਣ ਵਾਲੇ ਨੌਜਵਾਨ ਾਂ ਲਈ ਸਕੂਲ, ਕੰਮ, ਸਿਹਤ ਅਤੇ ਇਮੀਗ੍ਰੇਸ਼ਨ ਬਾਰੇ ਜਾਣਕਾਰੀ ਲਈ ਆੱਨਲਾਈਨ ਭਾਈਚਾਰਾ ਹੈ। ਇਸ ਵਿੱਚ ਸੂਬੇ ਭਰ ਵਿੱਚ ਨੌਜਵਾਨ ਾਂ ਲਈ ਪ੍ਰੋਗਰਾਮਾਂ ਦੀ ਸੂਚੀ ਵੀ ਦਿੱਤੀ ਗਈ ਹੈ ਅਤੇ ਨਵੇਂ ਆਉਣ ਵਾਲੇ ਨੌਜਵਾਨ ਾਂ ਲਈ ਉਪਲਬਧ ਕਈ ਵਜ਼ੀਫ਼ਿਆਂ, ਗ੍ਰਾਂਟਾਂ ਅਤੇ ਬਰਸਰੀਆਂ ਦੀ ਸੂਚੀ ਦਿੱਤੀ ਗਈ ਹੈ newyouth.ca
- ਓਂਟਾਰੀਓ ਵਿੱਚ ਨੌਜਵਾਨ ਾਂ ਲਈ ਮੌਕੇ (Youth Opportunities Ontario) ਰੋਜ਼ਗਾਰ, ਪੜ੍ਹਾਈ, ਸਮਾਜਕ ਪ੍ਰੋਗਰਾਮਾਂ ਅਤੇ ਸੂਬੇ ਭਰ ਵਿੱਚ ਵਾਲੰਟੀਅਰਿੰਗ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ youthconnect.ca

### ਪੜ੍ਹਾਈ

ਓਂਟਾਰੀਓ ਵਿਚਲੇ ਨੌਜਵਾਨ ਾਂ ਨੂੰ 18 ਸਾਲ ਦੀ ਉਮਰ ਜਾਂ ਆਪਣਾ ਹਾਈ ਸਕੂਲ ਦਾ ਡਿਪਲੋਮਾ ਮੁਕੰਮਲ ਕਰਨ ਤੱਕ ਸਕੂਲ ਜ਼ਰੂਰ ਜਾਣਾ ਚਾਹੀਦਾ ਹੈ। ਓਂਟਾਰੀਓ ਵਿੱਚ ਵੱਖ-ਵੱਖ ਵਿਦਿਅਕ ਤਰੀਕੇ ਉਪਲਬਧ ਹਨ। ਆਪਣਾ ਨਾਂ ਰਜਿਸਟਰ ਕਰਾਉਣ ਵੇਲ਼ੇ ਓਂਟਾਰੀਓ ਵਿਚਲੇ ਹਾਈ ਸਕੂਲ ਤੁਹਾਡੀ ਇਮੀਗ੍ਰੇਸ਼ਨ ਦੀ ਸਥਿਤੀ ਬਾਰੇ ਨਹੀਂ ਪੁੱਛ ਸਕਦੇ।

ਹਾਈ ਸਕੂਲ ਸਹਿਕਾਰੀ ਸਿੱਖਿਆ (co-op) ਪ੍ਰੋਗਰਾਮ ਰਾਹੀਂ, ਵਿਦਿਆਰਥੀ ਆਪਣੇ ਕੰਮ ਦਾ ਅਨੁਭਵ ਲੈਂਦਿਆਂ ਹੋਇਆਂ ਆਪਣੇ ਡਿਪਲੋਮੇ ਲਈ ਕ੍ਰੈਡਿਟ ਹਾਸਿਲ ਕਰ ਸਕਦੇ ਹਨ। ਕੋ-ਆਪ ਵਿਦਿਆਰਥੀ ਓਂਟਾਰੀਓ ਯੂਥ ਅਪ੍ਰੈਂਟਿਸਸ਼ਿਪ ਪ੍ਰੋਗਰਾਮ (OYAP) ਰਾਹੀਂ ਵਪਾਰਾਂ ਵਿੱਚ ਅਪ੍ਰੈਂਟਿਸਸ਼ਿਪ ਵੀ ਸ਼ੁਰੂ ਕਰ ਸਕਦੇ ਹਨ tcu.gov.on.ca ਜਾਂ findlink.at/oyap

ਓਂਟਾਰੀਓ ਵਿੱਚ ਸਰਕਾਰੀ ਰਕਮਾਂ ਨਾਲ ਚੱਲਣ ਵਾਲੇ 40 ਤੋਂ ਵੱਧ ਕਾਲਜ ਅਤੇ ਯੂਨੀਵਰਸਿਟੀਆਂ ਹਨ। ਸੂਬੇ ਵਿੱਚ 400 ਤੋਂ ਵੱਧ ਪ੍ਰਾਈਵੇਟ ਕੈਰੀਅਰ ਕਾਲਜ ਵੀ ਹਨ।

tcu.gov.on.ca ਜਾਂ findlink.at/findschool 'ਤੇ ਸੈਕੰਡਰੀ ਤੋਂ ਬਾਅਦ ਦੀ ਪੜ੍ਹਾਈ ਬਾਰੇ ਹੋਰ ਜਾਣੋ।

ਕਨੇਡਾ ਦੀਆਂ ਹਥਿਆਰਬੰਦ ਫ਼ੌਜਾਂ (Canadian Armed Forces) ਨੌਜਵਾਨ  ਮਰਦਾਂ ਅਤੇ ਔਰਤਾਂ ਨੂੰ ਪੜ੍ਹਾਈ ਅਤੇ ਕੈਰੀਅਰ ਦੀ ਵਿਆਪਕ ਰੇਂਜ ਦੇ ਮੌਕਿਆਂ ਦੀ ਪੇਸ਼ਕਸ਼ ਕਰਦੀਆਂ ਹਨ। ਹਾਲਾਂਕਿ ਹਥਿਆਰਬੰਦ ਫ਼ੌਜਾਂ ਵਿੱਚ ਸ਼ਾਮਿਲ ਹੋਣ ਲਈ ਤੁਹਾਨੂੰ ਕਨੇਡਾ ਦਾ ਨਾਗਰਿਕ ਜ਼ਰੂਰ ਹੋਣਾ ਚਾਹੀਦਾ ਹੈ।

### ਰੋਜ਼ਗਾਰ

ਓਂਟਾਰੀਓ ਵਿੱਚ ਨੌਜਵਾਨ ਾਂ ਦਾ ਰੋਜ਼ਗਾਰ ਇੱਕ ਵੱਡੀ ਚਿੰਤਾ ਹੈ। ਅਜਿਹੀਆਂ ਕਈ ਜੱਥੇਬੰਦੀਆਂ ਅਤੇ ਏਜੰਸੀਆਂ ਹਨ, ਜੋ ਪਾਰਟ-ਟਾਈਮ ਰੋਜ਼ਗਾਰ ਅਤੇ ਕੈਰੀਅਰ ਦੇ ਮੌਕਿਆਂ ਦਾ ਪਤਾ ਲਾਉਣ, ਦੋਹਾਂ ਨੂੰ ਲੱਭਣ ਵਿੱਚ ਨੌਜਵਾਨ ਾਂ ਦੀ ਮਦਦ ਕਰਦੀਆਂ ਹਨ।

ਯੂਥ ਜੌਬਸ ਪ੍ਰੋਗਰਾਮ (Youth Jobs Program) ਦੀ ਵੈਬਸਾਈਟ 'ਤੇ ਨੌਕਰੀਆਂ, ਮੁਹਾਰਤਾਂ ਸਬੰਧੀ ਸਿਖਲਾਈ ਅਤੇ ਉੱਦਮੀ ਸਬੰਧੀ ਸਹਾਇਤਾ ਬਾਰੇ ਸੂਚੀ ਦਿੱਤੀ ਗਈ ਹੈ, ਜੋ ਓਂਟਾਰੀਓ ਵਿਚਲੇ ਨੌਜਵਾਨ ਾਂ ਦੀ ਉਮਰ ਅਤੇ ਸਥਿਤੀ ਦੇ ਅਧਾਰ 'ਤੇ ਉਹਨਾਂ ਲਈ ਉਪਲਬਧ ਹੋ ਸਕਦੀ ਹੈ ontario.ca  ਜਾਂ findlink.at/yjprogr

### ਕੰਮ 'ਤੇ ਹੱਕ ਅਤੇ ਸੁਰੱਖਿਆ

ਕੰਮ ਵਾਲੀ ਥਾਂ 'ਤੇ ਨੌਜਵਾਨ ਾਂ ਦੇ ਜ਼ਖ਼ਮੀ ਹੋਣ ਦੀ ਸੰਭਾਵਨਾ ਲਗਭਗ ਦੁੱਗਣੀ ਹੈ। ਕਨੇਡਾ ਸਰਕਾਰ ਦੀ ਨੌਜਵਾਨ ਾਂ ਦੀਆਂ ਸੇਵਾਵਾਂ ਦੀ ਵੈਬਸਾਈਟ 'ਤੇ ਕੰਮ ਵਾਲੀ ਥਾਂ ਦੀ ਸੁਰੱਖਿਆ ਬਾਰੇ ਹੋਰ ਜਾਣੋ: youth.gc.ca ਜਾਂ findlink.at/jobsafe

Funded by / Financé par

Immigration, Refugees and Citizenship Canada
Immigration, Réfugiés et Citoyenneté Canada

Ontario

ਓਂਟਾਰੀਓ ਦਾ ਕਿਰਤ ਮਹਿਕਮਾ ਇੱਕ ਵਰਕਰ ਵਜੋਂ ਤੁਹਾਡੇ ਹੱਕਾਂ ਬਾਰੇ ਜਾਣਕਾਰੀ ਮੁਹੱਈਆ ਕਰਦਾ ਹੈ: ontario.ca ਜਾਂ findlink.at/youngwork

## ਨੌਜਵਾਨ ਦੀ ਨਿਯੁਕਤੀ ਅਤੇ ਵਾੱਲੰਟੀਅਰਿੰਗ

ਕਈ ਭਾਈਚਾਰਕ ਸੈਂਟਰ ਨੌਜਵਾਨ ਾਂ ਲਈ ਪ੍ਰੋਗਰਾਮਾਂ ਦੀ ਪੇਸ਼ਕਸ਼ ਕਰਦੇ ਹਨ, ਇਸ ਵਿੱਚ ਕਲੱਬ, ਸਮਾਜਕ ਇਕੱਠ, ਖੇਡਾਂ ਅਤੇ ਫ਼ਿਟਨੈਸ ਸਰਗਰਮੀਆਂ ਅਤੇ ਭਾਈਚਾਰਕ ਸ਼ਮੂਲੀਅਤ ਸ਼ਾਮਿਲ ਹੁੰਦੀ ਹੈ।

- **ਤੁਸੀਂ ਆਪਣੇ ਇਲਾਕੇ ਵਿਚਲੀਆਂ ਜੱਥੇਬੰਦੀਆਂ ਆਨਲਾਈਨ ਵੇਖੋ ਜਾਂ ਆਪਣੀ ਸਥਾਨਕ ਸੈਟਲਮੈਂਟ ਏਜੰਸੀ ਨਾਲ ਸੰਪਰਕ ਕਰੋ**: newyouth.ca **ਜਾਂ** findlink.at/youth
- **ਸਮੂਹਾਂ ਦੀ ਸਲਾਹਕਾਰੀ ਬਾਰੇ ਜਾਣਨ ਲਈ** newyouth.ca **ਜਾਂ** findlink.at/youthadvoc **'ਤੇ ਜਾਓ।**

ਵਾਲੰਟੀਅਰਿੰਗ ਲੋਕਾਂ ਨੂੰ ਮਿਲਣ, ਨਵੀਆਂ ਮੁਹਾਰਤਾਂ ਸਿਖਣ ਅਤੇ ਆਪਣੇ ਭਾਈਚਾਰੇ ਨੂੰ ਜਾਣਨ ਦਾ ਇੱਕ ਵਧੀਆ ਤਰੀਕਾ ਹੈ।
ਓਂਟਾਰੀਓ ਨੌਜਵਾਨ  ਵਾਲੰਟੀਅਰ ਚੁਣੌਤੀ (Youth Volunteer Challenge) 'ਤੇ ਵਾਲੰਟੀਅਰਿੰਗ ਬਾਰੇ ਹੋਰ ਜਾਣੋ: ctw.ovcn.ca

## ਨੌਜਵਾਨ  ਮੁਜਰਮਾਨਾ ਨਿਆ (YOUTH CRIMINAL JUSTICE)

ਨੌਜਵਾਨ  ਨਿਆ ਪ੍ਰਬੰਧ ਆਮ ਅਦਾਲਤੀ ਪ੍ਰਬੰਧ ਨਾਲੋਂ ਵੱਖਰਾ ਹੈ। 12 ਅਤੇ 17 ਸਾਲ ਦੀ ਉਮਰ ਦੇ ਵਿਚਕਾਰ ਦਾ ਨੌਜਵਾਨ , ਜਦੋਂ ਕਾਨੂੰਨ ਤੋੜਦਾ ਹੈ, ਤਾਂ ਪੁਲਿਸ ਸਥਿਤੀ ਨਾਲ ਨਜਿੱਠਣ ਲਈ ਵੱਖ-ਵੱਖ ਜੁਗਤਾਂ ਦੀ ਵਰਤੋਂ ਕਰ ਸਕਦੀ ਹੈ। ਜੁਰਮ ਕਰਨ ਵਾਲੇ ਨੌਜਵਾਨ  ਨੂੰ ਪੁਲਿਸ ਤੋਂ ਜਾਂ ਚੌਕਸੀ ਚਿਤਾਵਨੀ ਮਿਲ ਸਕਦੀ ਹੈ ਜਾਂ ਉਸ ਨੂੰ ਭਾਈਚਾਰਕ ਪ੍ਰੋਗਰਾਮ ਵਿੱਚ ਰੈਫਡਰ ਕੀਤਾ ਜਾਂਦਾ ਹੈ। ਗੰਭੀਰ ਮਾਮਲਿਆਂ ਵਿੱਚ ਨੌਜਵਾਨ  'ਤੇ ਜੁਰਮ ਦਾ ਇਲਜ਼ਾਮ ਲੱਗ ਸਕਦਾ ਹੈ ਅਤੇ ਅਦਾਲਤ ਵਿੱਚ ਜਾਏਗਾ।

## ਮਦਦ ਲੈਣਾ

ਕਿਸੇ ਵੀ ਉਮਰ ਦੇ ਨੌਜਵਾਨਾਂ ਲਈ ਕਿਡਸਹੈਲਪਫੋਨ (KidsHelpPhone) ਇੱਕ ਅਨਾਮ ਅਤੇ ਗੁਪਤ ਸਲਾਹਕਾਰੀ ਸੇਵਾ ਹੈ। ਤੁਸੀਂ ਉਹਨਾਂ ਦੀ 24-ਘੰਟੇ ਦੀ ਹੌਟਲਾਈਨ ਨੂੰ ਕਾਲ ਕਰ ਸਕਦੇ ਹੋ ਜਾਂ ਬਾਅਦ ਦੇ ਸੁਆਲ ਆੱਨਲਾਈਨ ਕਰ ਸਕਦੇ ਹੋ। KidsHelpPhone ਡੇਟਿੰਗ, ਹਮਉਮਰ ਦਾ ਦਬਾਅ ਵਰਗੇ ਰੋਜ਼ ਦੇ ਮਸਲਿਆਂ ਅਤੇ ਮਾਨਸਿਕ ਸਿਹਤ, ਦੁਰਵਿਹਾਰ ਅਤੇ ਧੌਂਸਬਾਜ਼ੀ (bullying) ਵਰਗੇ ਵੱਧ ਗੰਭੀਰ ਮਾਮਲਿਆਂ ਵਿੱਚ ਮਦਦ ਕਰ ਸਕਦੀ ਹੈ। **1-800-668-6868** 'ਤੇ ਕਾਲ ਕਰੋ ਜਾਂ kidshelpphone.ca 'ਤੇ ਜਾਓ।

KidsHelpPhone ਬੱਚਿਆਂ ਅਤੇ ਨੌਜਵਾਨ  ਦੀ ਮਦਦ ਕਿਵੇਂ ਕਰ ਸਕਦੀ ਹੈ, ਬਾਰੇ ਹੋਰ ਜਾਣਨ ਲਈ newyouth.ca ਜਾਂ findlink.at/kidshelp 'ਤੇ ਨਿਊ ਯੂਥ (New Youth) 'ਤੇ ਜਾਓ।

### ਕੀ ਤੁਹਾਨੂੰ ਪਤਾ ਹੈ?

- ਜਦੋਂ ਤੁਸੀਂ 16 ਸਾਲ ਦੇ ਹੁੰਦੇ ਹੋ, ਤਾਂ ਤੁਸੀਂ G1 ਡ੍ਰਾਈਵਿੰਗ ਲਾਇਸੈਂਸ ਲਈ ਅਪਲਾਈ ਕਰ ਸਕਦੇ ਹੋ।
- ਤੁਸੀਂ 16 ਸਾਲ ਦੀ ਉਮਰ 'ਤੇ ਓਂਟਾਰੀਓ ਵਰਕਸ ਲਈ ਅਪਲਾਈ ਕਰ ਸਕਦੇ ਹੋ, ਬਸ਼ਰਤੇ ਤੁਸੀਂ ਕੁਝ ਸ਼ਰਤਾਂ ਪੂਰੀਆਂ ਕਰਦੇ ਹੋਵੋ।
- ਜੇ ਤੁਸੀਂ ਸੈਕੰਡਰੀ ਤੋਂ ਬਾਅਦ ਦੇ ਪੂਰੇ ਸਮੇਂ ਦੇ ਵਿਦਿਆਰਥੀ ਹੋ, ਤਾਂ ਤੁਸੀਂ  ਓਂਟਾਰੀਓ ਵਿਦਿਆਰਥੀ ਸਹਾਇਤਾ ਪ੍ਰੋਗਰਾਮ (OSAP) ਦੇ ਵਿਦਿਆਰਥੀ ਦੇ ਕਰਜ਼ਿਆਂ ਲਈ ਅਪਲਾਈ ਕਰ ਸਕਦੇ ਹੋ।
- ਜਦੋਂ ਤੁਸੀਂ 18 ਸਾਲ ਦੇ ਹੁੰਦੇ ਹੋ, ਤਾਂ ਤੁਸੀਂ ਮਿਉਨਿਸੀਪਲ, ਸੂਬਾਈ ਅਤੇ ਫ਼ੈਡਰਲ ਚੋਣਾਂ ਵਿੱਚ ਵੋਟ ਪਾ ਸਕਦੇ ਹੋ।
- ਓਂਟਾਰੀਓ ਵਿੱਚ ਤੰਬਾਕੂ ਖ਼ਰੀਦਣ ਲਈ ਤੁਹਾਡੀ ਉਮਰ 19 ਸਾਲ ਹੋਣੀ ਚਾਹੀਦੀ ਹੈ।
- ਓਂਟਾਰੀਓ ਵਿੱਚ ਸ਼ਰਾਬ ਖ਼ਰੀਦਣ ਅਤੇ ਪੀਣ ਲਈ ਤੁਹਾਡੀ ਉਮਰ 19 ਸਾਲ ਹੋਣੀ ਚਾਹੀਦੀ ਹੈ।

